ਸਾਰਿਆਂ ਨੂੰ ਸ਼ੁੱਭ ਸਵੇਰ। ਏ-ਸਵੇਇਲ (ਹੈਲੋ)।

ਅੱਜ 14 ਸਤੰਬਰ ਹੈ ਅਤੇ ਇਸ ਹਫਤੇ ਮੈਂ ਤੁਹਾਨੂੰ ਇਸ ਗੱਲ ਬਾਰੇ ਸੁਨੇਹਾ ਦੇਣਾ ਚਾਹੁੰਦਾ ਹੈ ਕਿ "ਜਦੋਂ ਕਿਸੇ ਸਕੂਲ ਵਿੱਚ ਕੋਵਿਡ ਦੇ ਕੇਸ ਦੀ ਪੁਸ਼ਟੀ ਹੋਵੇ ਤਾਂ ਤੁਸੀਂ ਕਿਸ ਚੀਜ਼ ਦੀ ਉਮੀਦ ਰੱਖ ਸਕਦੇ ਹੋ?" ਮੇਰੇ ਕੋਲ ਇਸ ਬਾਰੇ ਬਹੁਤ ਸਵਾਲ ਆਏ ਹਨ ਅਤੇ ਮੈਂ ਤੁਹਾਨੂੰ ਕੁਝ ਸੋਖੇ ਅਤੇ ਸਿੱਧੇ ਜੁਆਬ ਦੇਣਾ ਚਾਹੁੰਦਾ ਹਾਂ ਕਿ ਇਹ ਕਿਸ ਤਰ੍ਹਾਂ ਹੋਏਗਾ। ਮੈਂ ਦੋ ਸਮਿਆਂ ਦੀ ਕਹਾਣੀ ਦੱਸਣ ਨਾਲ ਸ਼ੁਰੂ ਕਰਾਂਗਾ: ਬਸੰਤ (ਸਪਰਿੰਗ) ਦਾ ਸਮਾਂ ਅਤੇ ਅੱਜ ਦਾ ਸਮਾਂ। ਬਸੰਤ ਵਿੱਚ ਸਰੀ ਵਿੱਚ ਸਰੀ ਦੇ ਸਕੂਲਾਂ ਨਾਲ ਸੰਬੰਧਤ ਤਿੰਨ ਮਾਮਲੇ ਸਾਹਮਣੇ ਆਏ ਸਨ, ਅਤੇ ਇਨ੍ਹਾਂ ਵਿੱਚੋਂ ਹਰ ਮਾਮਲੇ ਵਿੱਚ ਇਕ ਪਾਜ਼ੇਟਿਵ ਕੇਸ ਹੋਣ ਦੀ ਪੁਸ਼ਟੀ ਹੋਈ ਸੀ ਅਤੇ ਅਸੀਂ ਅਸਲੀਅਤ ਵਿੱਚ ਸਕੂਲ ਨੂੰ ਇਕ ਦਿਨ ਲਈ ਚੰਗੀ ਤਰ੍ਹਾਂ ਸਫਾਈ ਕਰਨ ਲਈ ਬੰਦ ਕਰ ਦਿੱਤਾ ਸੀ। ਹੁਣ ਜੇ ਪੱਤਝੜ ਦੀ ਗੱਲ ਕਰੀਏ ਤਾਂ ਚੀਜ਼ਾਂ ਕਾਫੀ ਵੱਖਰੀਆਂ ਹਨ। ਸਭ ਤੋਂ ਪਹਿਲਾਂ ਸਾਡੇ ਹੁਣ ਵਾਲੇ ਸਫਾਈ ਦੇ ਨਿਯਮ ਬਸੰਤ ਦੇ ਨਿਯਮਾਂ ਤੋਂ ਕਾਫੀ ਵੱਖਰੇ ਹਨ ਅਤੇ ਇਸ ਨਾਲ ਚੀਜ਼ਾਂ 'ਤੇ ਕਾਫੀ ਜ਼ਿਆਦਾ ਅਸਰ ਪੈਂਦਾ ਹੈ। ਦੂਸਰੀ ਅਤੇ ਮਹੱਤਵਪੂਰਨ ਗੱਲ ਇਹ ਹੈ ਕਿ "ਅਸੀਂ ਆਪਣੇ ਕੰਮ 'ਤੇ ਹੋਣ ਵਾਲੇ ਵਿਅਕਤੀਗਤ ਕੇਸਾਂ ਨਾਲ ਪਬਲਿਕ ਹੈਲਥ ਦੇ ਸੰਬੰਧ ਵਿੱਚ ਕਿਸ ਤਰ੍ਹਾਂ ਨਿਪਟਦੇ ਹਾਂ?" ਅਤੇ ਇਹ ਲੋਕਾਂ ਵਿੱਚ ਲੱਛਣ ਦਿਖਾਈ ਦੇਣ ਨਾਲ ਸ਼ੁਰੂ ਹੁੰਦਾ ਹੈ। ਅਤੇ ਜੇ ਲੋਕਾਂ ਵਿੱਚ ਲੱਛਣ ਦਿਖਾਈ ਦਿੰਦੇ ਹੋਣ ਤਾਂ ਉਹਨਾਂ ਦੇ ਟੈਸਟ ਕੀਤੇ ਜਾ ਸਕਦੇ ਹਨ। ਇਸ ਵੇਲੇ ਬ੍ਰਿਟਿਸ਼ ਕੋਲੰਬੀਆ ਵਿੱਚ ਹਰ ਰੋਜ਼ 6000 ਟੈਸਟ ਉਪਲਭਧ ਹਨ, ਅਤੇ ਉਨ੍ਹਾਂ ਟੈਸਟਾਂ ਦੇ ਨਤੀਜਿਆਂ ਦਾ 24 ਘੰਟਿਆਂ ਵਿੱਚ ਪਤਾ ਲਗ ਜਾਂਦਾ ਹੈ, ਅਤੇ ਉਨ੍ਹਾਂ ਵਿੱਚੋਂ ਸਿਰਫ 2% ਟੈਸਟ ਪਾਜ਼ੇਟਿਵ ਆਉਂਦੇ ਹਨ। ਇਸ ਲਈ ਅਸੀਂ ਆਪਣੇ ਪਾਜ਼ੇਟਿਵ ਰੇਟਾਂ ਬਾਰੇ ਕਾਫੀ ਕੁਝ ਸਿੱਖ ਰਹੇ ਹਾਂ, ਸਾਹਮਣੇ ਆਉਣ ਵਾਲੇ ਕੇਸਾਂ ਦੀ ਗਿਣਤੀ ਦੇ ਸੰਬੰਧ ਵਿੱਚ ਉਨ੍ਹਾਂ ਦਾ ਕੀ ਮਤਲਬ ਹੈ। ਇਸ ਲਈ ਹਰ ਰੋਜ਼ 6000 ਟੈਸਟ, ਜਿਨ੍ਹਾਂ ਵਿੱਚੋਂ 2% ਪਾਜ਼ੇਟਿਵ ਆਉਣਗੇ। ਜੇ ਉਨ੍ਹਾਂ ਵਿੱਚ ਇਕ ਅਜਿਹਾ ਹੋਵੇ, ਜਿਹੜਾ ਸਕੂਲ ਨਾਲ ਸੰਬੰਧਤ ਹੋਵੇ ਤਾਂ ਇਸ ਦਾ ਕੀ ਮਤਲਬ ਹੈ? ਕੋਵਿਡ ਦੀ ਪੁਸ਼ਟੀ ਹੋਈ ਹੋਣ ਵਾਲੇ ਵਿਅਕਤੀ (ਕੇਸ) ਨਾਲ ਅਸਲ ਵਿੱਚ ਪਬਲਿਕ ਹੈਲਥ ਵੱਲੋਂ ਅੱਗੇ ਦੱਸੀਆਂ ਗੱਲਾਂ ਜਾਣਨ ਲਈ ਇੰਟਰਵਿਊ ਕੀਤੀ ਜਾਂਦੀ ਹੈ: ਉਨ੍ਹਾਂ ਨੂੰ ਇਨਫੈਕਸ਼ਨ ਕਦੋਂ ਹੋਈ ਸੀ, ਉਨ੍ਹਾਂ ਨੂੰ ਇਨਫੈਕਸ਼ਨ ਕਿਸ ਤਰ੍ਹਾਂ ਹੋਈ ਸੀ ਅਤੇ ਸਭ ਤੋਂ ਮਹੱਤਵਪੂਰਨ ਗੱਲ ਕਿ ਉਹਨਾਂ ਨਾਲ ਕਿਨ੍ਹਾਂ ਲੋਕਾਂ ਦਾ ਨੇੜੇ ਦਾ ਸੰਪਰਕ ਰਿਹਾ ਹੈ? ਜੇ ਉਹ ਸਕੂਲ ਵਿੱਚ ਹੋਣ ਦੌਰਾਨ ਇਨਫੈਕਸ਼ਨ ਫੈਲਾਉਣ ਵਾਲੇ ਸਨ ਜਾਂ ਉਨ੍ਹਾਂ ਨੂੰ ਸਕੂਲ ਵਿੱਚ ਹੋਣ ਦੌਰਾਨ ਇਨਫੈਕਸ਼ਨ ਹੋਈ ਸੀ ਤਾਂ ਪਬਲਿਕ ਹੈਲਥ ਸਾਡੇ ਨਾਲ ਕੰਮ ਕਰੇਗੀ ਅਤੇ ਅਸੀਂ ਆਪਣੀਆਂ ਸੰਚਾਰ ਦੀਆਂ ਯੋਜਨਾਵਾਂ (ਕਮਿਊਨੀਕੇਸ਼ਨ ਪਲੈਨਜ਼) ਅਤੇ ਆਪਣੇ ਕਰਮਚਾਰੀਆਂ ਜਾਂ ਵਿਦਿਆਰਥੀਆਂ ਨਾਲ ਗੱਲ ਕਰਨਾ ਸ਼ੁਰੂ ਕਰ ਦੇਵਾਂਗੇ। ਜੇ ਕਿਸੇ ਦਾ ਉਸ ਵਿਅਕਤੀ ਨਾਲ ਨੇੜ੍ਹੇ ਦਾ ਸੰਪਰਕ ਹੋਇਆ ਹੋਵੇ, ਤਾਂ ਪਬਲਿਕ ਹੈਲਥ ਵੱਲੋਂ ਉਹਨਾਂ ਲੋਕਾਂ ਨੂੰ ਆਪਣੇ ਆਪ ਇਕਾਂਤਵਾਸ ਵਿੱਚ ਜਾਣ ਦੀ ਹਿਦਾਇਤ ਕੀਤੀ ਜਾਵੇਗੀ ਅਤੇ ਉਹ 14 ਦਿਨਾਂ ਤੱਕ ਦੂਜਿਆਂ ਤੋਂ ਅਲੱਗ ਇਕਾਂਤਵਾਸ ਵਿੱਚ ਰਹਿਣਗੇ, ਅਤੇ ਜੇ ਉਨ੍ਹਾਂ ਵਿੱਚ ਲੱਛਣ ਦਿਖਾਈ ਦੇਣ ਤਾਂ ਉਨ੍ਹਾਂ ਦੇ ਵੀ ਟੈਸਟ ਕੀਤੇ ਜਾਣਗੇ। ਪਰ ਜਿਹੜੀ ਇਕ ਹੋਰ ਗੱਲ ਉਸ ਸਮੇਂ ਹੀ ਵਾਪਰੇਗੀ, ਉਹ ਹੈ ਸੰਚਾਰ ਦੀ ਯੋਜਨਾ (ਕਮਿਊਨੀਕੇਸ਼ਨ ਪਲੈਨ), ਜਿਸ ਦਾ ਹੈਲਥ ਅਤੇ ਸਕੂਲ ਜ਼ਿਲ੍ਹੇ ਵਿਚਕਾਰ ਤਾਲਮੇਲ ਹੋਵੇਗਾ। ਜੇ ਸਕੂਲ ਵਿੱਚ ਕੋਈ ਕੋਵਿਡ ਦੀ ਪੁਸ਼ਟੀ ਵਾਲਾ ਕੇਸ ਹੋਇਆ ਹੋਵੇ ਅਤੇ ਜੇ ਉਸ ਦਾ ਤੁਹਾਡੇ 'ਤੇ ਕੋਈ ਅਸਰ ਪੈਂਦਾ ਹੋਵੇ ਤਾਂ ਅਸੀਂ ਤੁਹਾਨੂੰ ਦੱਸਾਂਗੇ। ਤੁਹਾਨੂੰ ਇਹ ਦੱਸਣ ਲਈ ਇੱਕ ਚਿੱਠੀ ਆਏਗੀ। ਅਸੀਂ ਇਸ ਤਰ੍ਹਾਂ ਦੀ ਇਕ ਚਿੱਠੀ ਪਿਛਲੇ ਹਫਤੇ ਭੇਜੀ ਸੀ ਅਤੇ ਇਸ ਤਰ੍ਹਾਂ ਦੀ ਇਕ ਹੋਰ ਚਿੱਠੀ ਅੱਜ ਭੇਜੀ ਜਾਵੇਗੀ।

ਇਕ ਵਾਰ ਫਿਰ ਮੁੱਖ ਗੱਲਾਂ ਬਾਰੇ ਆਉਂਦੇ ਹਾਂ। ਸਭ ਤੋਂ ਪਹਿਲਾਂ ਇਹ ਸਾਡੇ ਸਾਰਿਆਂ ਵੱਲੋਂ ਸਰੀਰਕ ਦੂਰੀ ਰੱਖਣ, ਹੱਥ ਧੋਣ, ਆਪਣੇ ਚਿਹਰੇ ਨੂੰ ਹੱਥ ਨਾ ਲਾਉਣ, ਜਿੱਥੇ ਢੁਕਵਾਂ ਹੋਵੇ ਉੱਥੇ ਮਾਸਕ ਪਹਿਨਣ ਤੋਂ ਸ਼ੁਰੂ ਹੁੰਦਾ ਹੈ, ਇਹਨਾਂ ਸਾਰੀਆਂ ਗੱਲਾਂ ਦੀ ਮਹੱਤਤਾ ਹੈ, ਪਰ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਜੇ ਤੁਸੀਂ ਬੀਮਾਰ ਹੋਵੋ ਜਾਂ ਤੁਹਾਡੇ ਵਿੱਚ ਲੱਛਣ ਦਿਖਾਈ ਦਿੰਦੇ ਹੋਣ ਤਾਂ ਸਕੂਲ ਵਿੱਚ ਜਾਂ ਕੰਮ 'ਤੇ ਨਾ ਆਉ। ਪਰ ਜਦੋਂ ਇਹ ਹੋ ਜਾਂਦਾ ਹੈ, ਤਾਂ ਪਬਲਿਕ ਹੈਲਥ ਵਾਲੇ ਬਹੁਤ ਹੀ ਵਧੀਆ ਕੰਮ ਕਰਦੇ ਹਨ, ਇਹ ਉਨ੍ਹਾਂ ਦਾ ਮੁੱਖ ਕੰਮ ਹੈ। ਇਹ ਜਾਣਨ ਲਈ ਕਿ ਕੌਣ ਪਾਜ਼ੇਟਿਵ ਹੈ, ਕੌਣ ਨੇੜੇ ਦੇ ਸੰਪਰਕ ਵਿੱਚ ਆਇਆ ਹੈ, ਉਹ ਲੇਜ਼ਰ ਵਾਂਗ ਕੰਮ ਕਰਦੇ ਹਨ ਅਤੇ ਇਸ ਗੱਲ ਦਾ ਫੈਸਲਾ ਹੈਲਥ ਵਾਲੇ ਹੀ ਕਰ ਸਕਦੇ ਹਨ ਕਿ ਕੌਣ ਨੇੜੇ ਦੇ ਸੰਪਰਕ ਵਿੱਚ ਰਿਹਾ ਹੈ। ਉਹ ਉਨ੍ਹਾਂ ਲੋਕਾਂ ਨਾਲ ਸੰਪਰਕ ਕਰਨਗੇ, ਉਹ ਉਹਨਾਂ ਨੂੰ ਇਕਾਂਤਵਾਸ ਵਿੱਚ ਜਾਣ ਲਈ ਕਹਿਣਗੇ ਅਤੇ ਜੇ ਕੋਈ ਫਿਕਰ ਵਾਲੀ ਗੱਲ ਨਾ ਹੋਵੇ ਤਾਂ ਅਸੀਂ ਤੁਰਦੇ ਜਾਵਾਂਗੇ। ਇਸ ਲਈ ਬਸੰਤ ਦੇ ਸਮੇਂ ਨਾਲੋਂ ਹੁਣ ਬਹੁਤ ਜ਼ਿਆਦਾ ਫਰਕ ਹੈ, ਉਸ ਵੇਲੇ ਸਾਨੂੰ ਬਹੁਤਾ ਪਤਾ ਨਹੀਂ ਸੀ, ਅਤੇ ਜਦੋਂ ਕਿਸੇ ਕੇਸ ਦੀ ਪੁਸ਼ਟੀ ਹੋਣ ਬਾਰੇ ਫਿਕਰ ਸਾਡੇ ਸਾਹਮਣੇ ਆਇਆ ਸੀ, ਤਾਂ ਅਸੀਂ ਸਕੂਲ ਨੂੰ ਬੰਦ ਕਰ ਦਿੱਤਾ ਸੀ, ਹੁਣ ਇਸ ਤਰ੍ਹਾਂ ਨਹੀਂ ਹੋਵੇਗਾ। ਸਕੂਲ ਵਿੱਚ ਕੇਸ ਹੋਣਗੇ, ਪਹਿਲਾਂ ਹੀ ਕੇਸ ਹੋ ਚੁੱਕੇ ਹਨ, ਅਤੇ ਅਸੀਂ ਹਾਲਤਾਂ ਅਨੁਸਾਰ ਕਦਮ ਚੁੱਕਾਂਗੇ।

ਮੈਨੂੰ ਆਸ ਹੈ ਕਿ ਇਹ ਛੋਟੀ ਜਿਹੀ ਵੀਡੀਓ ਤੁਹਾਡੀ ਇਹ ਸਮਝਣ ਵਿੱਚ ਮਦਦ ਕਰੇਗੀ ਕਿ ਅਸੀਂ ਕੀ ਕਰ ਰਹੇ ਹਾਂ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਉਹ ਚੰਗੀਆਂ ਚੀਜ਼ਾ ਕਰਦੇ ਰਹੋ ਜਿਹੜੀਆਂ ਚੰਗੀਆਂ ਚੀਜ਼ਾਂ ਤੁਹਾਨੂੰ ਕਰਨੀਆਂ ਆਉਂਦੀਆਂ ਹਨ: ਆਪਣੀ ਨਿੱਜੀ ਸਫਾਈ, ਦੂਜਿਆਂ ਨਾਲ ਖਾਣਾ ਸਾਂਝਾ ਨਾ ਕਰਨਾ; ਦੂਜਿਆਂ ਤੋਂ ਸਰੀਰਕ ਦੂਰੀ ਰੱਖਣਾ, ਕੰਮ ਤੇ ਇਕੱਠੇ ਹੋਣ ਬਾਰੇ ਇਸ ਤਰ੍ਹਾਂ ਦੀਆਂ ਗੱਲਾਂ ਦਾ ਧਿਆਨ ਰੱਖਣਾ ਕਿ ਕਿਸੇ ਛੋਟੇ ਕਮਰੇ ਵਿੱਚ ਇਕੱਠੇ ਨਹੀਂ ਹੋਣਾ, ਇਸ ਤਰ੍ਹਾਂ ਦੀਆਂ ਚੀਜ਼ਾਂ। ਅਤੇ ਇਸ ਤਰ੍ਹਾਂ ਦੀਆਂ ਛੋਟੀਆਂ ਚੀਜ਼ਾਂ ਸਾਨੂੰ ਸੁਰੱਖਿਅਤ ਰੱਖਣਗੀਆਂ। ਇਸ ਲਈ ਮੈਨੂੰ ਆਸ ਹੈ ਕਿ ਇਹ ਵੀਡੀਓ ਤੁਹਾਡੀ ਮਦਦ ਕਰੇਗੀ।

ਖਿਆਲ ਰੱਖਿਓ। ਤੰਦਰੁਸਤ ਰਹਿਓ। ਹਾਇਚਕੇ (ਫਸਟ ਨੇਸ਼ਨਜ਼ ਗਰੀਟਿੰਗਜ਼) ।